**ਵਿਸ਼ਾ-ਪੰਜਾਬੀ** **ਸ਼ਬਦ-ਰਚਨਾ** **ਜਮਾਤ-ਨੌਂਵੀਂ**

ਸ਼ਬਦ ਅੱਖਰਾਂ, ਲਗਾਂ ਅਤੇ ਲਗਾਖਰਾਂ ਦੇ ਮੇਲ਼ ਨਾਲ਼ ਬਣਦੇ ਹਨ। ਅਰਥਾਂ ਦੇ ਪੱਧਰ 'ਤੇ ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ। ਜਿਹੜੀ ਬੋਲੀ ਅਸੀਂ ਬੋਲਦੇ ਜਾਂ ਲਿਖਦੇ ਹਾਂ, ਉਸ ਵਿੱਚ ਵਰਤੇ ਜਾਂਦੇ ਸ਼ਬਦ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹੁੰਦੇ ਹਨ - 1. ਮੂਲ ਸ਼ਬਦ 2. ਰਚਿਤ ਸ਼ਬਦ।

1. **ਮੂਲ ਸ਼ਬਦ -** ਮੂਲ ਸ਼ਬਦ ਉਹ ਹੈ ਜੋ ਆਪਣੇ-ਆਪ ਵਿੱਚ ਇੱਕ ਪੂਰਨ ਇਕਾਈ ਹੁੰਦਾ ਹੈ। ਇਸ ਸ਼ਬਦ ਅੱਗੋਂ ਤੋੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਦੀ ਬਣਤਰ ਵਿੱਚ ਕਿਸੇ ਸ਼ਬਦ ਜਾਂ ਸ਼ਬਦਾਂਬ ਦਾ ਮੇਲ਼ ਹੋਇਆ ਮਿਲ਼ਦਾ ਹੈ। ਉਦਾਹਰਨ ਵਜੋਂ - ਕਰ, ਪੜ੍ਹ, ਰੇਤ, ਬਾਗ਼, ਜਾ, ਤੂੰ।

2. **ਰਚਿਤ ਸ਼ਬਦ** - ਰਚਿਤ ਸ਼ਬਦ ਉਹ ਹੈ ਜਿਹੜਾ ਮੂਲ ਸ਼ਬਦ ਤੋਂ ਵੱਖ-ਵੱਖ ਢੰਗਾਂ ਨਾਲ਼ ਰਚਿਆ ਜਾਂਦਾ ਹੈ। ਕਿਸੇ ਵੀ ਭਾਸ਼ਾ ਦੀ ਬਹੁਤੀ ਸ਼ਬਦਾਵਲੀ ਅਜਿਹੇ ਸ਼ਬਦਾਂ ਦੀ ਹੁੰਦੀ ਹੈ। ਰਚਿਤ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ - I. ਸਮਾਸੀ ਸ਼ਬਦ II. ਉਤਪੰਨ ਸ਼ਬਦ

I. **ਸਮਾਸੀ ਸ਼ਬਦ** - ਸਮਾਸ ਦਾ ਅਰਥ ਹੈ ਜੋੜਨਾ ਜਾਂ ਸੰਖੇਪ ਕਰਨਾ। ਜਦੋਂ ਦੋ ਜਾਂ ਤਿੰਨ ਸ਼ਬਦਾਂ ਨੂੰ ਜੋੜ ਕੇ ਉਹਨਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਬਣਾਇਆ ਜਾਵੇ ਕਿ ਉਹ ਇੱਕ ਨਵਾਂ ਅਰਥ ਦੇਣ ਵਾਲ਼ਾ ਵੱਖਰਾ ਸ਼ਬਦ ਬਣ ਜਾਵੇ ਤਾਂ ਉਸ ਨੂੰ ਸਮਾਸੀ ਸ਼ਬਦ ਕਹਿੰਦੇ ਹਨ। ਜਿਵੇਂ - ਸੱਜਰੀ ਵਿਆਹੀ ਹੋਈ = ਸੱਜ-ਵਿਆਹੀ, ਹੱਥ ਨੂੰ ਲੱਗਣ ਵਾਲ਼ੀ ਕੜੀ = ਹੱਥਕੜੀ, ਲੋਕਾਂ ਦਾ ਰਾਜ = ਲੋਕ-ਰਾਜ।

II. **ਉਤਪੰਨ-ਸ਼ਬਦ** - ਜਿਹੜਾ ਸ਼ਬਦ ਕਿਸੇ ਮੂਲ-ਸ਼ਬਦ ਤੋਂ ਪਹਿਲਾਂ ਅਗੇਤਰ ਲਾ ਕੇ ਜਾਂ ਪਿੱਛੇ ਪਿਛੇਤਰ ਲਾ ਕੇ ਬਣਾਇਆ ਜਾਵੇ, ਉਸਨੂੰ ਉਤਪੰਨ-ਸ਼ਬਦ ਕਹਿੰਦੇ ਹਨ। ਸ਼ਬਦਾਂ ਦੇ ਅੱਗੇ ਲੱਗਣ ਵਾਲ਼ੇ ਸ਼ਬਦਾਂਸ਼ ਅਗੇਤਰ ਅਤੇ ਪਿੱਛੇ ਲੱਗਣ ਵਾਲ਼ੇ ਪਿਛੇਤਰ ਹੁੰਦੇ ਹਨ। ਉਦਾਹਰਨ ਲਈ 'ਦੁਰਘਟਨਾ' ਸ਼ਬਦ ਵਿੱਚ 'ਘਟਨਾ' ਸ਼ਬਦ ਤੋਂ ਪਹਿਲਾਂ 'ਦੁਰ' ਅਗੇਤਰ ਲੱਗਾ ਹੈ ਅਤੇ 'ਅਣਖੀਲਾ' ਵਿੱਚ 'ਅਣਖ' ਸ਼ਬਦ ਦੇ ਪਿੱਛੇ 'ਈਲਾ' ਪਿਛੇਤਰ ਲੱਗਾ ਹੈ। ਅਗੇਤਰਾਂ ਅਤੇ ਪਿਛੇਤਰਾਂ ਤੋਂ ਬਣੇ ਕੁਝ ਸ਼ਬਦਾਂ ਦਾ ਵੇਰਵਾ ਇਸ ਪ੍ਰਕਾਰ ਹੈ।

## ••• ਅਗੇਤਰ •••

1. **ਉ -** ਉੱਖੜਨਾ, ਉਥੱਲਣਾ, ਉਲੰਘਣਾ, ਉਲੱਦਣਾ।
2. **ਉਪ -** ਉਪਨਾਮ, ਉਪਬੋਲੀ, ਉਪਮੰਤਰੀ, ਉਪਨਿਰਦੇਸ਼ਕ।
3. **ਅ -** ਅਸਹਿ, ਅਕਹਿ, ਅਸੰਤੁਸ਼ਟ, ਅਸਫਲ, ਅਸੰਭਵ, ਅਸਮਰਥ, ਅਸ਼ਲੀਲ, ਅਸ਼ਾਂਤ, ਅਸਧਾਰਨ, ਅਸ਼ੁੱਧ ਆਦਿ।
4. **ਅਣ -** ਅਣਸੁਣਿਆ, ਅਣਹੋਣੀ, ਅਣਗਹਿਲੀ, ਅਣਗਿਣਤ, ਅਣਡਿੱਠ, ਅਣਥੱਕ।
5. **ਅਨ -** ਅਨਰਥ, ਅਨਜਾਣ, ਅਨਪੜ੍ਹ, ਅਨੰਤ, ਅਨਾਦਰ, ਅਨਾਦਿ।
6. **ਅਨੁ -** ਅਨੁਸਾਰ, ਅਨੁਭਵ, ਅਨੁਮਾਨ, ਅਨੁਵਾਦ, ਅਨੁਯਾਈ।
7. **ਅਪ -** ਅਪਜਸ, ਅਪਮਾਨ, ਅਪਵਾਦ, ਅਪਵਿੱਤਰ।
8. **ਸ -** ਸਚਿੱਤਰ, ਸਜੀਵ, ਸਫਲ, ਸਲੂਣਾ, ਸਪੁੱਤਰ, ਸਸ਼ੋਭਿਤ।
9. **ਸੰ -** ਸੰਗਠਨ, ਸੰਜੋਗ, ਸੰਪੂਰਨ, ਸੰਬੰਧ, ਸੰਵਿਧਾਨ।
10. **ਸੁ -** ਸੁਸ਼ੀਲ, ਸੁਹਿਰਦ, ਸੁਗੰਧ, ਸੁਘੜ, ਸੁਚੱਜਾ, ਸੁਭਾਗ, ਸੁਮੇਲ, ਸੁਲੱਖਣਾ।
11. **ਸਹਿ -** ਸਹਿਕਾਰੀ, ਸਹਿਗਾਣ, ਸਹਿਪਾਠੀ, ਸਹਿਮਤ, ਸਹਿਯੋਗ।
12. **ਸ੍ਵੈ -** ਸ੍ਵੈ-ਅਧਿਕਾਰ, ਸ੍ਵੈਜੀਵਨੀ, ਸ੍ਵੈ-ਅਧੀਨ, ਸ੍ਵੈਮਾਣ।

13. **ਹਮ -** ਹਮਉਮਰ, ਹਮਸਫ਼ਰ, ਹਮਸ਼ਕਲ, ਹਮਜੋਲੀ, ਹਮਰਾਹੀ ਹੈ।

14. **ਕੁ -** ਕੁਸੰਗ, ਕੁਕਰਮ, ਕੁਚੱਜ, ਕੁਪੱਤ, ਕੁਮੱਤ।

15. **ਚੁ -** ਚੁਕੰਨਾ, ਚੁਗਿਰਦਾ, ਚੁਪਾਇਆ, ਚੁਫੇਰਾ, ਚੁਆਨੀ।

16. **ਚੌ -** ਚੌਕੜੀ, ਚੌਪਈ, ਚੌਮੁਖੀ, ਚੌਰਸ।

17. **ਛਿ -** ਛਿਆਸੀ, ਛਿਹਰਟਾ, ਛਿਮਾਹੀ।

18. **ਦੁ -** ਦੋਆਬਾ, ਦੁਹੱਥੜ, ਦੁਪਰਤੀ, ਦੁਬਾਰਾ, ਦੁਮੂੰਹੀਂ, ਦੁਵੱਲਾ।

19. **ਨਿ -** ਨਿਆਸਰਾ, ਨਿਸੰਗ, ਨਿਕੰਮਾ, ਨਿਗੁਰਾ, ਨਿਡਰ, ਨਿਧੜਕ।

20. **ਨਿਸ਼ -** ਨਿਸ਼ਕਾਮ, ਨਿਸ਼ਚਿੰਤ, ਨਿਸ਼ਫਲ, ਨਿਸ਼ਕਪਟ।

21. **ਨਿਹ -** ਨਿਹਚਲ, ਨਿਹਕਲੰਕ, ਨਿਹਫਲ।

22. **ਨਿਰ -** ਨਿਰਮੋਹ, ਨਿਰਲੱਜ, ਨਿਰਲੇਪ, ਨਿਰਵਿਘਨ, ਨਿਰਵੈਰ, ਨਿਰਾਸ, ਨਿਰਾਦਰ।

23. **ਪਰ -** ਪਰਉਪਕਾਰ, ਪਰਤੰਤਰ, ਪਰਦੇਸ, ਪਰਲੋਕ।

24. **ਪ੍ਰ -** ਪ੍ਰਬਲ, ਪ੍ਰਫੁਲਿਤ, ਪ੍ਰਚਲਿਤ, ਪ੍ਰਸਿੱਧ, ਪ੍ਰਮੁੱਖ, ਪ੍ਰਯਤਨ।

25. **ਪਰਿ -** ਪਰਿਸਥਿਤੀ, ਪਰਿਪੱਕ, ਪਰਿਪੂਰਨ, ਪਰਿਭਾਸ਼ਾ, ਪਰਿਕਰਮਾ।

26. **ਪੜ -** ਪੜਦਾਦਾ, ਪੜਪੋਤਾ, ਪੜਨਾਨਾ, ਪੜਦੋਹਤਾ।

27. **ਬਦ -** ਬਦਅਸੀਸ, ਬਦਸ਼ਕਲ, ਬਦਸੂਰਤ, ਬਦਨਾਮ, ਬਦਕਾਰ, ਬਦਬੋ।

28. **ਬੇ -** ਬੇਓੜਕ, ਬੇਸੁਰ, ਬੇਅਕਲ, ਬੇਅੰਤ, ਬੇਅਰਾਮ, ਬੇਈਮਾਨ, ਬੇਇੱਜ਼ਤ, ਬੇਕਾਰ, ਬੇਸਮਝ, ਬੇਸ਼ਰਮ ਆਦਿ।

29. **ਮਹਾ -** ਮਹਾਜਨ, ਮਹਾਤਮਾ, ਮਹਾਰਾਜਾ, ਮਹਾਰਾਣੀ।

30. **ਲਾ -** ਲਾਇਲਾਜ, ਲਾਚਾਰ, ਲਾਪਰਵਾਹ, ਲਾਵਾਰਸ, ਲਾਸਾਨੀ।

## ••• ਪਿਛੇਤਰ •••

1. **ਊ -** ਕਮਾਊ, ਜੜਾਊ, ਖਟਾਊ, ਗੁਆਉ, ਡਰੂ, ਖਾਊ।

2. **ਅਈ -** ਝਟਕਈ, ਮੁਗ਼ਲਈ, ਸੁਰਮਈ, ਵਿਸ਼ਈ।

3. **ਅਲ -** ਅੜੀਅਲ, ਸੜੀਅਲ, ਮਰੀਅਲ।

4. **ਐਲ -** ਮੜੈਲ, ਗੁਸੈਲ, ਵਿਸ਼ੈਲ, ਝਗੜੈਲ।

5. **ਆਈ -** ਉਚਿਆਈ, ਬੁਰਿਆਈ, ਵਡਿਆਈ, ਚੜ੍ਹਾਈ, ਉਤਰਾਈ, ਲਿਖਾਈ, ਹਟਾਈ।

6. **ਆਹਟ -** ਘਬਰਾਹਟ, ਹਿਚਕਚਾਹਟ, ਮੁਸਕਰਾਹਟ, ਖਲਬਲਾਹਟ।

7. **ਆਕਲ -** ਸ਼ਰਮਾਕਲ, ਡਰਾਕਲ, ਦੌੜਾਕਲ, ਤੁਰਾਕਲ।

8. **ਆੜੀ -** ਪਿਛਾੜੀ, ਦਿਹਾੜੀ, ਅਗਾੜੀ।

9. **ਆਲਾ -** ਬਰਫਾਲਾ, ਜੰਡਿਆਲਾ, ਹਿਮਾਲਾ, ਪੁਸਤਕਾਲਾ, ਭੋਜਨਾਲਾ।

10. **ਆਵਟ -** ਥਕਾਵਟ, ਰੁਕਾਵਟ, ਮਿਲਾਵਟ, ਸਜਾਵਟ।

11. **ਆਰਾ -** ਸੁਨਿਆਰਾ, ਵਣਜਾਰਾ, ਸਚਿਆਰਾ।

12. **ਆਰੀ -** ਖਿਡਾਰੀ, ਸਚਿਆਰੀ, ਸੁਚਿਆਰੀ, ਭਿਖਾਰੀ, ਲਿਖਾਰੀ।

13. **ਆਣੀ -** ਪੰਡਤਾਣੀ, ਦਿਰਾਣੀ, ਜਿਠਾਣੀ।

14. **ਅਹਿਰਾ -** ਦੁਪਹਿਰਾ, ਸੁਨਹਿਰਾ, ਇਕਹਿਰਾ, ਕਛਹਿਰਾ।

15. **ਆਓ -** ਵਰਤਾਓ, ਫੈਲਾਓ, ਦਬਾਓ, ਘੁਮਾਓ, ਪਥਰਾਓ।

16. **ਈਲਾ -** ਭੜਕੀਲਾ, ਰਸੀਲਾ, ਜੋਸ਼ੀਲਾ, ਸ਼ਰਮੀਲਾ, ਅਣਖੀਲਾ।

17. **ਈਨ -** ਮਲੀਨ, ਰੰਗੀਨ, ਕਲੀਨ, ਸ਼ੌਕੀਨ, ਹੁਸੀਨ।

18. **ਈ -** ਦਵਾਈ, ਗਵਾਈ, ਗਾਈ, ਹਵਾਈ, ਕਮਾਈ।

19. **ਸਤਾਨ -** ਅਫ਼ਗਾਨਿਸਤਾਨ, ਬਲੋਚਿਸਤਾਨ, ਕਬਰਸਤਾਨ, ਹਿੰਦੁਸਤਾਨ।

20. **ਸਾਲ -** ਟਕਸਾਲ, ਧਰਮਸਾਲ।

21. **ਸਾਰ -** ਸਵੇਰਸਾਰ, ਹੰਢਣਸਾਰ, ਤੜਕਸਾਰ, ਮਿਲਣਸਾਰ, ਉੱਠਣਸਾਰ।

22. **ਸ਼ਾਲਾ -** ਗਊਸ਼ਾਲਾ, ਧਰਮਸ਼ਾਲਾ, ਪਾਠਸ਼ਾਲਾ, ਮਿਰਗਸ਼ਾਲਾ।

23. **ਹਾਰ -** ਰੱਖਣਹਾਰ, ਹੋਣਹਾਰ, ਚੱਲਣਹਾਰ, ਸਿਰਜਨਹਾਰ, ਸਾਲੇਹਾਰ।

24. **ਕਾਰ -** ਇਤਿਹਾਸਕਾਰ, ਸਾਹਿਤਕਾਰ, ਕਹਾਣੀਕਾਰ, ਨਾਵਲਕਾਰ, ਇਕਾਂਗੀਕਾਰ।

25. **ਕਾਰੀ -** ਕਲਾਕਾਰੀ, ਗੁਣਕਾਰੀ, ਚਿਤਰਕਾਰੀ, ਫੁੱਲਕਾਰੀ।

26. **ਖ਼ਾਨਾ -** ਡਾਕਖ਼ਾਨਾ, ਤਹਿਖ਼ਾਨਾ, ਕਾਰਖ਼ਾਨਾ, ਮੁਰਗੀਖ਼ਾਨਾ, ਯਤੀਮਖ਼ਾਨਾ।

27. **ਗੀ -** ਨਾਰਾਜ਼ਗੀ, ਪੇਸ਼ਗੀ, ਗੰਦਗੀ, ਹੈਰਾਨਗੀ, ਸ਼ਰਮਿੰਦਗੀ।

28. **ਤਾ -** ਮਿੱਤਰਤਾ, ਸੁੰਦਰਤਾ, ਮੂਰਖ਼ਤਾ, ਸੰਖੇਪਤਾ, ਅਰੋਗਤਾ।

29. **ਤੀ -** ਗਿਣਤੀ, ਬੁਣਤੀ, ਭਰਤੀ, ਸਿਮਰਤੀ।

30. **ਦਾਰ -** ਟੱਬਰਦਾਰ, ਚੌਂਕੀਦਾਰ, ਜਥੇਦਾਰ ਜ਼ਿਲ੍ਹੇਦਾਰ, ਠੇਕੇਦਾਰ।